# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

# 08:30

**ਮਿਤੀ :31-08-2026**

***<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ੰਘਾਈ ਸਹਿਯੋਗ ਸੰਗਠਨ ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਕਿਰਗਿਜ਼ਸਤਾਨ ਦੇ ਬਿਸ਼੍ਕੇਕ ਪਹੁੰਚੇ. ਸੰਮੇਲਨ ਦੌਰਾਨ ਵਖਰੇ ਤੌਰ 'ਤੇ ਕਈ ਨੇਤਾਵਾਂ ਨਾਲ ਮੁਲਾਕਾਤ ਕਰਨਗੇ.

- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹੈ ਕਿ ਭਾਰਤ ਦੇ ਮਾਲੀ ਸਾਲ 2026-27 ਵਿੱਚ 7 ਫੀਸਦੀ ਜਾਂ ਇਸ ਤੋਂ ਵੱਧ ਦੀ ਆਰਥਿਕ ਵਿਕਾਸ ਦਰ ਬਣਾਈ ਰੱਖਣ ਦੀ ਉਮੀਦ ਏ.

- ਨੇਪਾਲ 'ਚ ਤਬਾਹਕੁੰਨ ਹੜ੍ਹਾਂ ਕਾਰਣ ਮਰਨ ਵਾਲਿਆਂ ਦੀ ਗਿਣਤੀ ਵਧ ਕੇ 794 ਹੋਈ. ਢਾਈ ਹਜ਼ਾਰ ਤੋਂ ਵਧ ਲੋਕ ਅਜੇ ਵੀ ਲਾਪਤਾ.

- ਅਮਰੀਕਾ ਨੇ ਹੋਰਮੁਜ਼ ਪਣਜੋੜ ਵਿੱਚ ਲਾਰਕ ਟਾਪੂ 'ਤੇ ਈਰਾਨੀ ਫੌਜੀ ਟਿਕਾਣਿਆਂ 'ਤੇ ਹਮਲਾ ਕੀਤਾ।

- ਔਰਤਾਂ ਦੇ ਕ੍ਰਿਕੇਟ ਵਿੱਚ, ਭਾਰਤ ਨੇ ਬੀਤੀ ਰਾਤ ਖੇਡੇ ਗਏ ਮੈਚ ਵਿਚ  ਥਾਈਲੈਂਡ ਨੂੰ 94 ਦੌੜਾਂ ਨਾਲ ਹਰਾ ਕੇ ਆਪਣੇ ਟੀ-20 ਏਸ਼ੀਆ ਕੱਪ 2026 ਮੁਹਿੰਮ ਵਿੱਚ ਇੱਕ ਮਜ਼ਬੂਤ ਸ਼ੁਰੂਆਤ ਕੀਤੀ।

- ਸਕੁਐਸ਼ ਵਿੱਚ, ਭਾਰਤ ਦੇ ਅਭੈ ਸਿੰਘ ਨੇ ਤੁਆਂਕੂ ਮੁਹਰਿਜ਼ ਟਰਾਫੀ 2026 ਵਿੱਚ ਮਰਦਾਂ ਦੇ  ਸਿੰਗਲਜ਼ ਦਾ ਖਿਤਾਬ ਜਿੱਤਿਆ।

## ***<u>ਹੁਣ ਖਬਰਾਂ ਵਿਸਥਾਰ ਨਾਲ</u>***

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕਿਰਗਿਜ਼ਸਤਾਨ ਦੇ ਦੋ ਦਿਨਾਂ ਦੌਰੇ 'ਤੇ ਬਿਸ਼ਕੇਕ ਪਹੁੰਚੇ ਨੇ. ਹਵਾਈ ਅੱਡੇ 'ਤੇ ਉਨ੍ਹਾਂ ਦਾ ਸਵਾਗਤ ਕੈਬਿਨੇਟ ਚੇਅਰਮੈਨ ਕਾਸੀਮਾਲੀਵ ਅਦਿਲਬੇਕ ਅਲੇਸ਼ੋਵਿਚ ਨੇ ਕੀਤਾ। ਸ਼੍ਰੀ ਮੋਦੀ ਦੇ ਸਵਾਗਤ ਲਈ ਇੱਕ ਰਵਾਇਤੀ ਕਿਰਗਿਜ਼ ਨਾਚ ਪੇਸ਼ਕਾਰੀ ਵੀ ਕੀਤੀ ਗਈ.  ਸ਼੍ਰੀ ਮੋਦੀ 26ਵੇਂ ਐਸ.ਸੀ.ਓ. ਸੰਮੇਲਨ ਲਈ ਰਾਸ਼ਟਰਪਤੀ ਸਾਦਿਰ ਜ਼ਾਪਾਰੋਵ ਦੇ ਸੱਦੇ 'ਤੇ ਕਿਰਗਿਜ਼ਸਤਾਨ ਦਾ ਦੌਰਾ ਕਰ ਰਹੇ ਨੇ. ਕਿਰਗਿਜ਼ਸਤਾਨ ਦੀ ਆਪਣੀ ਯਾਤਰਾ ਦੇ ਪਹਿਲੇ ਦਿਨ, ਪ੍ਰਧਾਨ ਮੰਤਰੀ ਮੋਦੀ ਸੰਮੇਲਨ ਤੋਂ ਇਲਾਵਾ ਐਸ.ਸੀ.ਓ. ਨੇਤਾਵਾਂ ਨਾਲ ਦੁਵੱਲੀ ਮੀਟਿੰਗਾਂ

ਕਰਨਗੇ। ਇਨ੍ਹਾਂ ਵਿੱਚ ਅਰਮੇਨੀਆ, ਕਿਰਗਿਜ਼ਸਤਾਨ ਅਤੇ ਈਰਾਨ ਦੇ ਰਾਸ਼ਟਰਪਤੀਆਂ ਨਾਲ ਮੁਲਾਕਾਤਾਂ ਦੇ ਨਾਲ-ਨਾਲ ਰੂਸ ਦੇ ਰਾਸ਼ਟਰਪਤੀ ਨਾਲ ਦੁਵੱਲੀ ਮੀਟਿੰਗ ਸ਼ਾਮਿਲ ਏ. ਸ਼੍ਰੀ ਮੋਦੀ ਕੱਲ੍ਹ ਐਸ.ਸੀ.ਓ. ਸੰਮੇਲਨ ਨੂੰ ਸੰਬੋਧਨ ਕਰਨਗੇ। ਪ੍ਰਧਾਨ ਮੰਤਰੀ ਅੱਜ ਬਿਸ਼ਕੇਕ ਵਿੱਚ ਸਭ ਤੋਂ ਪਹਿਲਾਂ Friends of India ਨਾਲ ਗੱਲਬਾਤ ਕਰਨਗੇ। ਸ਼੍ਰੀ ਮੋਦੀ ਅੱਜ 6ਵੇਂ ਵਿਸ਼ਵ ਨੋਮੈਡ ਖੇਡਾਂ ਦੇ ਉਦਘਾਟਨ ਸਮਾਰੋਹ ਵਿੱਚ ਵੀ ਸ਼ਾਮਿਲ ਹੋਣਗੇ। ਇਹ ਸਮਾਗਮ ਮੱਧ ਏਸ਼ੀਆ ਦੇ ਅਮੀਰ ਅਤੇ ਜੀਵੰਤ ਸੱਭਿਆਚਾਰਕ ਵਿਰਸੇ ਦਾ ਜਸ਼ਨ ਮਨਾਉਂਦਾ ਏ । ਸ਼ਨੀਚਰਵਾਰ ਨੂੰ ਆਪਣੇ ਰਵਾਨਗੀ ਬਿਆਨ ਵਿੱਚ, ਸ਼੍ਰੀ ਮੋਦੀ ਨੇ ਕਿਹਾ ਕਿ ਉਹ "ਸੁਰੱਖਿਆ, ਸੰਪਰਕ ਅਤੇ ਮੌਕੇ" 'ਤੇ ਅਧਾਰਿਤ, ਖੇਤਰ ਲਈ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਣ ਦੀ ਉਮੀਦ ਕਰਦੇ ਨੇ. ਉਨ੍ਹਾਂ ਇਹ ਵੀ ਕਿਹਾ ਕਿ ਭਾਰਤ "ਦਹਿਸ਼ਤਗਰਦੀ, ਵੱਖਵਾਦ ਅਤੇ ਕੱਟੜਤਾ" ਤੋਂ ਮੁਕਤ ਖੇਤਰ ਲਈ SCO ਮੈਂਬਰਾਂ ਨਾਲ ਕੰਮ ਕਰੇਗਾ ।

---------------------------------------------------------------------------

ਪਹਿਲਾਂ ਕਲ੍ਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਾਸ਼ਕੰਦ, ਉਜ਼ਬੇਕਿਸਤਾਨ ਦਾ ਦੋ ਦਿਨਾਂ ਦਾ ਸਫਲ ਦੌਰਾ ਸਮਾਪਤ ਕੀਤਾ, ਜਿਸ ਦੌਰਾਨ ਰਾਸ਼ਟਰਪਤੀ ਸ਼ਵਕਤ ਮਿਰਜ਼ੀਯੋਯੇਵ ਨਾਲ ਦੁਵੱਲੇ ਸਬੰਧਾਂ ਨੂੰ ਹੋਰ ਡੂੰਘਾ ਕਰਨ ਲਈ ਗੱਲਬਾਤ ਕੀਤੀ ਗਈ। ਦੋਵੇਂ ਨੇਤਾ ਭਾਰਤ-ਉਜ਼ਬੇਕਿਸਤਾਨ ਸਬੰਧਾਂ ਨੂੰ ਇੱਕ ਵਿਆਪਕ ਰਣਨੀਤਕ ਭਾਈਵਾਲੀ ਤੱਕ

ਉੱਚਾ ਚੁੱਕਣ ਲਈ ਸਹਿਮਤ ਹੋਏ। "ਇਸ ਯਾਤਰਾ ਦੇ ਨਤੀਜੇ ਵਜੋਂ 11 ਸਮਝੌਤਿਆਂ 'ਤੇ ਦਸਤਖਤ ਹੋਏ. ਮਹੱਤਵਪੂਰਨ ਖਣਿਜਾਂ ਅਤੇ ਯੂਰੇਨੀਅਮ ਤੋਂ ਲੈ ਕੇ ਵਪਾਰ, ਰੱਖਿਆ, ਡਿਜੀਟਲ ਭੁਗਤਾਨ ਅਤੇ ਸਿੱਖਿਆ ਤੱਕ; ਹਿੰਦੀ ਅਤੇ ਸੰਸਕ੍ਰਿਤ ਤੋਂ ਲੈ ਕੇ ਖੇਡਾਂ ਅਤੇ ਵਿਰਾਸਤੀ ਸੰਭਾਲ ਤੱਕ, ਦੋ ਦਿਨਾਂ ਦੀ ਯਾਤਰਾ ਨੇ ਭਾਰਤ-ਉਜ਼ਬੇਕਿਸਤਾਨ ਸਬੰਧਾਂ ਨੂੰ ਇੱਕ ਵਿਆਪਕ ਢਾਂਚਾ ਦਿੱਤਾ ਏ । ਇਸ ਯਾਤਰਾ ਦੌਰਾਨ ਰਾਸ਼ਟਰਪਤੀ ਸ਼ਵਕਤ ਮਿਰਜ਼ੀਯੋਯੇਵ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਉਜ਼ਬੇਕਿਸਤਾਨ ਸਰ੍ਬੁਚ ਸਰਕਾਰੀ ਸਨਮਾਨ, ਆਰਡਰ ਆਫ਼ ਓਲੀਯ ਦਰਜਾਲੀ ਦੋ'ਸਟਲਿਕ ਪ੍ਰਦਾਨ ਕੀਤਾ। ਇਹ ਸਨਮਾਨ ਭਾਰਤ-ਉਜ਼ਬੇਕਿਸਤਾਨ ਸਬੰਧਾਂ ਅਤੇ ਸਹਿਯੋਗ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਮਾਨਤਾ ਦਿੰਦਾ ਏ ।

---

ਖ਼ਜ਼ਾਨਾ  ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਭਾਰਤ ਦੇ ਮਾਲੀ ਸਾਲ 2026-27 ਵਿੱਚ 7 ਫੀਸਦੀ ਜਾਂ ਇਸ ਤੋਂ ਵੱਧ ਦੀ ਆਰਥਿਕ ਵਿਕਾਸ ਦਰ ਬਣਾਈ ਰੱਖਣ ਦੀ ਉਮੀਦ ਏ. ਆਪਣੀ ਅਮਰੀਕੀ ਯਾਤਰਾ ਦੌਰਾਨ ਸ਼ਿਕਾਗੋ ਵਿੱਚ ਭਾਰਤੀ ਪ੍ਰਵਾਸੀਆਂ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਕਿਹਾ ਕਿ ਅਮਰੀਕਾ-ਈਰਾਨ ਟਕਰਾਅ ਅਤੇ ਹੋਰਮੁਜ਼ ਪਣਜੋੜ ਦੇ ਬੰਦ ਹੋਣ ਤੋਂ ਬਾਅਦ ਭੂ-ਸਿਆਸੀ ਅਨਿਸ਼ਚਿਤਤਾਵਾਂ ਅਤੇ ਸਪਲਾਈ-ਚੇਨ ਵਿਘਨਾਂ ਦੇ ਬਾਵਜੂਦ ਭਾਰਤ ਵਲੋਂ ਆਪਣੀ ਵਿਕਾਸ ਗਤੀ ਨੂੰ ਬਣਾਈ

ਰੱਖਣ ਦੀ ਸੰਭਾਵਨਾ ਏ । ਉਨ੍ਹਾਂ ਕਿਹਾ ਕਿ ਪੱਛਮੀ ਏਸ਼ੀਆ ਟਕਰਾਅ ਕਾਰਨ ਹੋਰਮੁਜ਼ ਪਣਜੋੜ ਵਿੱਚ ਵਿਘਨ ਨੇ ਸ਼ੁਰੂ ਵਿੱਚ ਭਾਰਤ ਨੂੰ ਕੱਚੇ ਤੇਲ, ਪੈਟਰੋਲੀਅਮ ਉਤਪਾਦਾਂ ਅਤੇ ਖਾਦਾਂ ਵਰਗੀਆਂ ਮੁੱਖ ਵਸਤੂਆਂ ਦੀ ਸਪਲਾਈ ਨੂੰ ਪ੍ਰਭਾਵਿਤ ਕੀਤਾ, ਪਰ ਦੇਸ਼ ਸਪਲਾਈ ਨੂੰ ਹੋਰਨਾਂ ਸਰੋਤਾਂ ਤੋਂ ਹਾਸਿਲ ਕਰਨ ਵਿੱਚ ਕਾਮਯਾਬ ਰਿਹਾ। ਖਜ਼ਾਨਾ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਨੇ ਅੰਤਰਰਾਸ਼ਟਰੀ ਕੀਮਤਾਂ ਵਿੱਚ ਤੇਜ਼ੀ ਨਾਲ ਵਾਧੇ ਦੇ ਬਾਵਜੂਦ ਸਬਸਿਡੀਆਂ ਰਾਹੀਂ ਕਿਸਾਨਾਂ ਲਈ ਖਾਦ ਦੀਆਂ ਕੀਮਤਾਂ ਵਿਚ ਵੀ ਕੋਈ ਬਦਲਾਅ ਨਹੀਂ ਕੀਤਾ ਏ.

---

ਬੁੱਧਵਾਰ ਨੂੰ ਆਏ ਹੜ੍ਹਾਂ ਤੋਂ ਬਾਅਦ ਨੇਪਾਲ ਨੇ ਤ੍ਰਿਸ਼ੂਲੀ-3 ਏ ਸਾਈਟ ਸਮੇਤ ਪਣ-ਬਿਜਲੀ ਪ੍ਰੋਜੈਕਟਾਂ ਵਿੱਚ ਸੁਰੰਗਾਂ ਅੰਦਰ ਫਸੇ ਸੈਂਕੜੇ ਲੋਕਾਂ ਨੂੰ ਕੱਢਣ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਨੇ । ਭਾਰਤ ਅਤੇ ਚੀਨ ਦੇ ਮਾਹਿਰਾਂ ਸਮੇਤ ਬਚਾਅ ਵਰਕਰ ਸੰਪਰਕ ਕਰਨ ਦੀ ਕੋਸ਼ਿਸ਼ ਕਰ ਰਹੇ ਨੇ ਪਰ ਹੁਣ ਤੱਕ ਸੁਰੰਗ ਦੇ ਅੰਦਰੋਂ ਕੋਈ ਜਵਾਬ ਨਹੀਂ ਮਿਲਿਆ ਏ । ਲਾਪਤਾ ਦੱਸੇ ਗਏ ਢਾਈ ਹਜ਼ਾਰ ਲੋਕਾਂ ਵਿੱਚੋਂ ਸੈਂਕੜੇ ਨੇਪਾਲ ਦੇ ਪਣ-ਬਿਜਲੀ ਪ੍ਰੋਜੈਕਟਾਂ ਦੇ ਮੁਲਾਜ਼ਮ ਮੰਨੇ ਜਾਂਦੇ ਨੇ. ਬੁੱਧਵਾਰ ਦੀ ਆਫ਼ਤ ਵਿੱਚ ਘੱਟੋ-ਘੱਟ 794 ਲੋਕਾਂ ਦੀ ਮੌਤ ਹੋ ਗਈ ਏ ਅਤੇ ਨੇਪਾਲ ਵਿੱਚ ਢਾਈ ਹਜ਼ਾਰ ਤੋਂ ਵੱਧ ਲੋਕ ਲਾਪਤਾ ਨੇ. ਤਿੱਬਤ ਵਿੱਚ, ਅਧਿਕਾਰਤ ਮੌਤਾਂ ਦੀ ਗਿਣਤੀ 16 ਏ , ਜਿਸ ਵਿੱਚ 546 ਲਾਪਤਾ ਦੱਸੇ ਗਏ ਨੇ, ਜਦੋਂ ਕਿ

ਬਚਾਅ ਵਰਕਰ ਬਚੇ ਹੋਏ ਲੋਕਾਂ ਨੂੰ ਲੱਭਣ ਲਈ ਸੰਘਰਸ਼ ਕਰ ਰਹੇ ਨੇ. ਨੇਪਾਲ ਦੇ ਸਾਰੇ ਅੱਠ ਪ੍ਰਭਾਵਿਤ ਜ਼ਿਲ੍ਹਿਆਂ ਤੋਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਨੇ . ਤ੍ਰਿਸ਼ੂਲੀ ਦਰਿਆ ਵਿੱਚ ਇੱਕ ਤਾਜ਼ਾ ਹੜ੍ਹ ਕਾਰਨ ਅੱਜ ਮੱਧ ਨੇਪਾਲ ਵਿੱਚ ਇੱਕ ਸਸਪੈਂਸ਼ਨ ਪੁਲ ਰੁੜ੍ਹ ਗਿਆ। ਹੜ੍ਹ ਦੇ ਕਾਰਨ ਪੁਲ ਰੁੜ੍ਹ ਜਾਣ ਨਾਲ, ਗੰਡਕੀ ਦਿਹਾਤੀ ਨਗਰਪਾਲਿਕਾ 7 ਅਤੇ 8 ਦੇ ਵਸਨੀਕਾਂ ਦੀ ਪ੍ਰਿਥਵੀ ਸ਼ਾਹਰਾਹ ਤੱਕ ਪਹੁੰਚ ਖਤਮ ਹੋ ਗਈ ਏ ।

---------------------------------------------------------------------------------

ਨੇਪਾਲ ਵਿੱਚ ਭਾਰਤੀ ਰਾਜਦੂਤ ਨਵੀਨ ਸ਼੍ਰੀਵਾਸਤਵ ਨੇ ਕੱਲ੍ਹ ਭਾਰਤੀ ਮਾਹਿਰ ਟੀਮ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ, ਜੋ ਵਿਨਾਸ਼ਕਾਰੀ ਹੜ੍ਹਾਂ ਦੇ ਪੀੜਤਾਂ ਦੀਆਂ ਲਾਸ਼ਾਂ ਦੀ ਪਛਾਣ ਵਿੱਚ ਸਹਾਇਤਾ ਲਈ ਨੇਪਾਲ ਪਹੁੰਚੀ ਏ । ਸ਼੍ਰੀ ਨਵੀਨ ਨੇ ਕਿਹਾ ਕਿ ਭਾਰਤ ਨੇਪਾਲ ਵਿੱਚ ਚੱਲ ਰਹੇ ਬਚਾਅ ਅਤੇ ਰਾਹਤ ਕਾਰਜਾਂ ‘ਚ ਮਜਬੂਤੀ ਨਾਲ ਮਦਦ ਜਾਰੀ ਰਖੇਗਾ. ਮਾਹਿਰ ਟੀਮ ਚੌਥੀ ਭਾਰਤੀ ਰਾਹਤ ਉਡਾਣ 'ਤੇ ਕਾਠਮੰਡੂ ਪਹੁੰਚੀ। ਉਡਾਣ ਵਿੱਚ ਜ਼ਰੂਰੀ ਰਾਹਤ ਸਪਲਾਈ ਦੇ ਨਾਲ-ਨਾਲ ਆਫ਼ਤ ਰਾਹਤ ਕਾਰਜਾਂ ਵਿੱਚ ਸਹਾਇਤਾ ਲਈ ਵਿਸ਼ੇਸ਼ ਤਕਨੀਕੀ ਮੁਲਾਜ਼ਮ ਅਤੇ ਉਪਕਰਣ ਵੀ ਲਿਜਾਏ ਗਏ ਨੇ. ਵਿਦੇਸ਼ ਮੰਤਰਾਲੇ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਟੀਮ ਲਾਸ਼ਾਂ ਦੀ ਪਛਾਣ ਵਿੱਚ ਸਹਾਇਤਾ ਲਈ ਡੀਐਨਏ ਨਮੂਨਿਆਂ ਦਾ ਵਿਸ਼ਲੇਸ਼ਣ ਕਰਨ ਲਈ ਨੇਪਾਲੀ ਮਾਹਿਰਾਂ ਨਾਲ ਕੰਮ ਕਰੇਗੀ ।

---

ਨੇਪਾਲ ਵਿੱਚ ਭਿਆਨਕ ਹੜ੍ਹਾਂ ਅਤੇ ਦਰਿਆ ਕੰਢੇ ਦੇ ਇਲਾਕਿਆਂ ਵਿੱਚ ਭਾਰੀ ਬਾਰਿਸ਼ ਤੋਂ ਬਾਅਦ, ਬਿਹਾਰ ਵਿੱਚ ਗੰਡਕ ਅਤੇ ਕੋਸੀ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਵਧ ਗਿਆ ਏ। ਦਰਿਆ ਦੇ ਵਹਾਅ ਨੂੰ ਨਿਯਮਤ ਕਰਨ ਲਈ, ਵਾਲਮੀਕਿ ਨਗਰ ਬੈਰਾਜ ਦੇ ਸਾਰੇ 36 ਗੇਟ ਅਤੇ ਕੋਸੀ ਬੈਰਾਜ ਦੇ 20 ਗੇਟ ਖੋਲ੍ਹ ਦਿੱਤੇ ਗਏ ਨੇ. ਹਾਲਾਂਕਿ, ਪਿਛਲੇ 24 ਘੰਟਿਆਂ ਵਿੱਚ ਦੋਵਾਂ ਦਰਿਆਵਾਂ ਦੇ ਪਾਣੀ ਦੇ ਪੱਧਰ ਅਤੇ ਛੱਡੇ ਜਾ ਰਹੇ ਪਾਣੀ ਵਿੱਚ ਗਿਰਾਵਟ ਆਈ ਏ। ਇਸ ਦੌਰਾਨ, ਸੋਸ਼ਲ ਮੀਡੀਆ 'ਤੇ ਫੈਲ ਰਹੀਆਂ ਗੁੰਮਰਾਹਕੁੰਨ ਖਬਰਾਂ ਦਰਮਿਆਨ, ਸੁਪੌਲ ਜ਼ਿਲ੍ਹਾ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਏ ਕਿ ਕੋਸੀ ਦਰਿਆ ਦਾ ਪਾਣੀ ਦਾ ਪੱਧਰ ਆਮ ਦਰ ਨਾਲ ਵੱਧ ਰਿਹਾ ਏ ਅਤੇ ਕੋਸੀ ਬੈਰਾਜ ਪੂਰੀ ਤਰ੍ਹਾਂ ਸੁਰੱਖਿਅਤ ਏ।

---

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੱਜ ਨਵੀਂ ਦਿੱਲੀ ਵਿੱਚ ਨੈਸ਼ਨਲ ਇੰਸਟੀਚਿਊਟ ਆਫ਼ ਫੈਸ਼ਨ ਟੈਕਨਾਲੋਜੀ (NIFT) ਦੇ ਸਾਂਝੇ ਕਨਵੋਕੇਸ਼ਨ ਨੂੰ ਸੰਬੋਧਨ ਕਰਨਗੇ. ਦੇਸ਼ ਭਰ ਦੇ 18 NIFT ਕੈਂਪਸਾਂ ਤੋਂ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਜਾਣਗੀਆਂ। ਇਸ ਸਮਾਗਮ ਵਿੱਚ ਟੈਕਸਟਾਈਲ ਮੰਤਰੀ ਗਿਰੀਰਾਜ ਸਿੰਘ ਅਤੇ ਟੈਕਸਟਾਈਲ ਮੰਤਰਾਲੇ ਦੇ ਸਕੱਤਰ ਨੀਲਮ ਸ਼ਮੀ ਰਾਓ, ਹੋਰ ਪਤਵੰਤੇ,

ਬੋਰਡ ਆਫ਼ ਗਵਰਨਰਜ਼ ਦੇ ਮੈਂਬਰ, ਸੀਨੀਅਰ ਅਧਿਕਾਰੀ, ਫੈਕਲਟੀ ਮੈਂਬਰ, ਸਕਾਲਰ ਅਤੇ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀ ਸ਼ਾਮਲ ਹੋਣਗੇ। ਟੈਕਸਟਾਈਲ ਮੰਤਰਾਲੇ ਦੇ ਅਧੀਨ 1986 ਵਿੱਚ ਕਾਇਮ, ਨੈਸ਼ਨਲ ਇੰਸਟੀਚਿਊਟ ਆਫ਼ ਫੈਸ਼ਨ ਟੈਕਨਾਲੋਜੀ ਇੱਕ ਵਿਧਾਨਕ ਸੰਸਥਾ ਏ ਜੋ NIFT ਕਾਨੂੰਨ, 2006 ਤਹਿਤ ਸੰਚਾਲਿਤ ਹੁੰਦੀ ਏ.

---------------------------------------------------------------------------

ਭਾਰਤੀ ਸਮੁੰਦਰੀ ਫੌਜ ਅੱਜ ਮੁੰਬਈ ਸਥਿਤ ਨਿਸਟਾਰ-ਸ਼੍ਰੇਣੀ ਦੇ ਦੂਜੇ ਗੋਤਾਖੋਰੀ ਸਹਾਇਤਾ ਜਹਾਜ਼ (DSV), ਨਿਪੁਣ ਨੂੰ ਕਮਿਸ਼ਨ ਕਰਨ ਜਾ ਰਹੀ ਏ. ਨਿਪੁਣ ਦੀ ਸ਼ਮੂਲੀਅਤ ਭਾਰਤ ਦੇ ਸਮੁੰਦਰੀ ਹਿਤਾਂ ਵਾਲੇ ਇਲਾਕਿਆਂ ਵਿੱਚ ਵਿਸ਼ੇਸ਼ ਗੋਤਾਖੋਰੀ ਅਤੇ ਪਾਣੀ ਦੇ ਹੇਠਾਂ ਕਾਰਵਾਈਆਂ ਕਰਨ ਦੀ ਭਾਰਤੀ ਸਮੁੰਦਰੀ ਫੌਜ ਦੀ ਸਮਰੱਥਾ ਨੂੰ ਹੋਰ ਮਜ਼ਬੂਤ ਕਰੇਗੀ। ਨਿਪੁਣ ਨੂੰ ਹਿੰਦੁਸਤਾਨ ਸ਼ਿਪਯਾਰਡ ਲਿਮਟਿਡ ਵਿਸ਼ਾਖਾਪਟਨਮ ਵਲੋਂ ਸਵਦੇਸ਼ੀ ਤੌਰ 'ਤੇ ਡਿਜ਼ਾਈਨ ਅਤੇ ਨਿਰਮਾਣ ਕੀਤਾ ਗਿਆ ਏ ।

---------------------------------------------------------------------------

ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਏ ਕਿ ਮੁਸਲਿਮ ਭਾਈਚਾਰੇ ਨੂੰ ਭਾਰਤ ਦਾ ਹਿੱਸਾ ਨਾ ਮੰਨਣ ਦਾ ਵਿਚਾਰ ਹਿੰਦੂਤਵ ਦੀ ਭਾਵਨਾ ਦੇ ਉਲਟ ਏ । ਨਿਊਯਾਰਕ ਵਿੱਚ "ਇੱਕ ਦੁਨੀਆ, ਇੱਕ ਮਾਨਵਤਾ" ਸੰਮੇਲਨ ਵਿੱਚ ਬੋਲਦਿਆਂ, ਸ਼੍ਰੀ ਭਾਗਵਤ ਨੇ ਕਿਹਾ ਕਿ

ਹਿੰਦੂਤਵ ਹਰੇਕ ਵਿਅਕਤੀ ਲਈ ਸਤਿਕਾਰ ਅਤੇ ਸਾਰੇ ਧਰਮਾਂ ਲਈ ਬਰਾਬਰ ਸਤਿਕਾਰ ਵਿੱਚ ਵਿਸ਼ਵਾਸ ਰੱਖਦਾ ਏ -

BYTE

---------------------------------------------------------------------------

ਅਮਰੀਕਾ ਨੇ ਕੱਲ੍ਹ ਰਾਤ ਹੋਰਮੁਜ਼ ਪਣਜੋੜ ਵਿੱਚ ਲਾਰਕ ਟਾਪੂ 'ਤੇ ਈਰਾਨੀ ਫੌਜੀ ਟਿਕਾਣਿਆਂ 'ਤੇ ਹਮਲਾ ਕੀਤਾ। ਅਮਰੀਕੀ ਫੌਜ ਨੇ ਕਿਹਾ ਕਿ ਉਸਨੇ ਈਰਾਨ ਦੇ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ (IRGC) ਦੇ ਸੈਨਿਕਾਂ ਨੂੰ ਹੋਰਮੁਜ਼ ਪਣਜੋੜ ਵਿੱਚ ਰਾਕੇਟ ਦਾਗਣ ਦੀ ਤਿਆਰੀ ਕਰਦੇ ਦੇਖੇ ਜਾਣ ਤੋਂ ਬਾਅਦ ਦੋ ਈਰਾਨੀ ਲਾਂਚਰਾਂ ਨੂੰ ਨਿਸ਼ਾਨਾ ਬਣਾਇਆ।

---------------------------------------------------------------------------

ਔਰਤਾਂ ਦੇ ਕ੍ਰਿਕੇਟ ਵਿੱਚ, ਭਾਰਤ ਨੇ ਬੀਤੀ ਰਾਤ ਦੁਬਈ ਵਿੱਚ ਖੇਡੇ ਗਏ ਮੈਚ ਵਿਚ  ਥਾਈਲੈਂਡ ਨੂੰ 94 ਦੌੜਾਂ ਨਾਲ ਹਰਾ ਕੇ ਆਪਣੇ ਟੀ-20 ਏਸ਼ੀਆ ਕੱਪ 2026 ਮੁਹਿੰਮ ਵਿੱਚ ਇੱਕ ਮਜ਼ਬੂਤ ਸ਼ੁਰੂਆਤ ਕੀਤੀ।

---------------------------------------------------------------------------

ਸਕੁਐਸ਼ ਵਿੱਚ, ਭਾਰਤ ਦੇ ਅਭੈ ਸਿੰਘ ਨੇ ਕੱਲ੍ਹ ਮਲੇਸ਼ੀਆ ਦੇ ਸੇਰੇਮਬਨ ਵਿੱਚ ਹੋਈ ਤੁਆਂਕੂ ਮੁਹਰਿਜ਼ ਟਰਾਫੀ 2026 ਵਿੱਚ ਮਰਦਾਂ ਦੇ ਸਿੰਗਲਜ਼ ਦਾ ਖਿਤਾਬ ਜਿੱਤਿਆ।

---------------------------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸ਼ੰਘਾਈ ਸਹਿਯੋਗ ਸੰਗਠਨ ਸਿਖਰ ਸੰਮੇਲਨ ‘ਚ ਹਿੱਸਾ ਲੈਣ ਲਈ ਕਿਰਗਿਜ਼ਸਤਾਨ ਦੇ ਬਿਸ਼੍ਕੇਕ ਪਹੁੰਚੇ. ਸੰਮੇਲਨ ਦੌਰਾਨ ਵਖਰੇ ਤੌਰ ‘ਤੇ ਕਈ ਨੇਤਾਵਾਂ ਨਾਲ ਮੁਲਾਕਾਤ ਕਰਨਗੇ.

- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹੈ ਕਿ ਭਾਰਤ ਦੇ ਮਾਲੀ ਸਾਲ 2026-27 ਵਿੱਚ 7 ਫੀਸਦੀ ਜਾਂ ਇਸ ਤੋਂ ਵੱਧ ਦੀ ਆਰਥਿਕ ਵਿਕਾਸ ਦਰ ਬਣਾਈ ਰੱਖਣ ਦੀ ਉਮੀਦ ਏ.

- ਨੇਪਾਲ ‘ਚ ਤਬਾਹਕੁੰਨ ਹੜ੍ਹਾਂ ਕਾਰਣ ਮਰਨ ਵਾਲਿਆਂ ਦੀ ਗਿਣਤੀ ਵਧ ਕੇ 794 ਹੋਈ. ਢਾਈ ਹਜ਼ਾਰ ਤੋਂ ਵਧ ਲੋਕ ਅਜੇ ਵੀ ਲਾਪਤਾ.

- ਅਮਰੀਕਾ ਨੇ ਹੋਰਮੁਜ਼ ਪਣਜੋੜ ਵਿੱਚ ਲਾਰਕ ਟਾਪੂ 'ਤੇ ਈਰਾਨੀ ਫੌਜੀ ਟਿਕਾਣਿਆਂ 'ਤੇ ਹਮਲਾ ਕੀਤਾ।

- ਔਰਤਾਂ ਦੇ ਕ੍ਰਿਕੇਟ ਵਿੱਚ, ਭਾਰਤ ਨੇ ਬੀਤੀ ਰਾਤ ਥਾਈਲੈਂਡ ਨੂੰ 94 ਦੌੜਾਂ ਨਾਲ ਹਰਾ ਕੇ ਆਪਣੇ ਟੀ-20 ਏਸ਼ੀਆ ਕੱਪ 2026 ਮੁਹਿੰਮ ਵਿੱਚ ਇੱਕ ਮਜ਼ਬੂਤ ਸ਼ੁਰੂਆਤ ਕੀਤੀ।

- ਸਕੁਐਸ਼ ਵਿੱਚ, ਭਾਰਤ ਦੇ ਅਭੈ ਸਿੰਘ ਨੇ ਤੁਆਂਕੂ ਮੁਹਰਿਜ਼ ਟਰਾਫੀ 2026 ਵਿੱਚ ਮਰਦਾਂ ਦੇ  ਸਿੰਗਲਜ਼ ਦਾ ਖਿਤਾਬ ਜਿੱਤਿਆ।

-----------------------------------------------------------

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ,  ਖਬਰਾਂ ਦਾ ਅਗਲਾ  ਬੁਲੇਟਿਨ  ਤੁਸੀਂ ਸੁਣੋਗ  1 ਵੱਜ ਕੇ 10 ਮਿੰਟ 'ਤੇ,**

**ਨਮਸਕਾਰ|**